**ਪੰਜਾਬ ਸਕੂਲ ਸਿੱਖਿਆ ਬੋਰਡ**

ਵੱਲ,

ਸਮੂਹ ਕੇਂਦਰ ਸੁਪਰਡੰਟ ਸਾਹਿਬਾਨ ,
ਪੰਜਾਬ ।

ਨੰ.ਪਸਸਬ-ਪ੍ਰੀਖਿਆ ਬਾਰਵ੍ਹੀਂ-2023/ਲ.ਸ/ਸੁ-07/ਓ-149088 ਮਿਤੀ: 08/02/2023

**ਵਿਸ਼ਾ- ਬਾਰ੍ਹਵੀਂ ਪ੍ਰੀਖਿਆ ਫਰਵਰੀ-2023 (ਸਲਾਨਾ) ਦੀ ਪ੍ਰੀਖਿਆ ਦੇ ਹਸਤਾਖਰ ਚਾਰਟ ਭੇਜਣ ਬਾਰੇ।**

ਸ੍ਰੀ ਮਾਨ/ਸ੍ਰੀ ਮਤੀ ਜੀ,

ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਬਾਰ੍ਹਵੀਂ ਪ੍ਰੀਖਿਆ ਫਰਵਰੀ-2022 (ਸਲਾਨਾ) ਦੀ ਪ੍ਰੀਖਿਆ ਜੋ ਕਿ ਮਿਤੀ:20/02/2023 ਤੋਂ ਆਰੰਭ ਹੋ ਰਹੀਆਂ ਹਨ । ਇਸ ਪ੍ਰੀਖਿਆ ਦੇ ਹਸਤਾਖਰ ਚਾਰਟ ਪ੍ਰੀਖਿਆ ਦੇ ਸਮਾਪਤ ਹੋਣ ਉਪਰੰਤ ਦਫਤਰ ਵੱਲੋਂ ਹਸਤਾਖਰ ਚਾਰਟ ਭੇਜਣ ਦੇ ਮੰਤਵ ਲਈ ਭੇਜੇ ਗਏ ਲਿਫਾਫੇ ਤੇ ਪ੍ਰੀਖਿਆ ਦੀ ਸ਼੍ਰੇਣੀ, ਪ੍ਰੀਖਿਆ ਕੇਂਦਰ ਦਾ ਨਾਂ ਅਤੇ ਜਿਲ੍ਹਾ ਦਰਜ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ ਨਗਰ (ਮੋਹਾਲੀ) ਦੇ ਨਾਂ ਤੇ ਦਫਤਰ ਵੱਲੋਂ ਸਥਾਪਿਤ ਇਕੱਤਰ ਕੇਂਦਰ/ਖੇਤਰੀ ਦਫਤਰ ਪਾਠ ਪੁਸਤਕਾਂ ਵਿਕਰੀ ਡੀਪੂ, ਵਿਖੇ ਵੱਖਰੇ ਤੌਰ ਤੇ ਜਮਾਂ ਕਰਵਾਏ ਜਾਣ। ਇਹ ਹਸਤਾਖਰ ਚਾਰਟ ਰਜਿਸਟਰਡ ਡਾਕ ਰਾਹੀਂ ਜਾਂ ਸੁਪਰਡੰਟ ਦੇ ਆਖਰੀ ਪੈਕਟ ਵਿੱਚ ਨਾ ਭੇਜੇ ਜਾਣ।

**ਕੇਂਦਰ ਸੁਪਰਡੰਟ ਹੇਠ ਅਨੁਸਾਰ ਕਾਰਵਾਈ ਕਰਨਾ ਵੀ ਯਕੀਨੀ ਬਣਾਉਣ:-**

1. ਪ੍ਰੀਖਿਆਰਥੀ ਦੀ ਉੱਤਰ ਪੱਤਰੀ ਦਾ ਨੰਬਰ ਹਸਤਾਖਰ ਚਾਰਟ ਵਿੱਚ ਵਿਸ਼ੇ ਨਾਲ ਸਬੰਧਤ ਕਾਲਮ ਵਿੱਚ ਸਾਫ ਸਾਫ ਅੱਖਰਾਂ ਵਿੱਚ ਦਰਜ ਕਰ ਦਿੱਤਾ ਗਿਆ ਹੋਵੇ।
2. ਪ੍ਰੀਖਿਆਰਥੀ ਵੱਲੋਂ ਹਸਤਾਖਰ ਚਾਰਟ ਵਿੱਚ ਹਸਤਾਖਰ ਕਰ ਦਿੱਤੇ ਗਏ ਹੋਣ।
3. ਜੇਕਰ ਪ੍ਰੀਖਿਆਰਥੀ ਗੈਰ ਹਾਜਰ ਹੈ/ ਹੋਵੇ ਤਾਂ ਸਬੰਧਤ ਕਾਲਮ ਵਿੱਚ ਲਾਲ ਪੈਨ ਨਾਲ ਗੈਰ-ਹਾਜ਼ਰ ਦਰਜ ਕਰ ਦਿੱਤਾ ਜਾਵੇ।
4. ਜੇਕਰ ਹਸਤਾਖਰ ਚਾਰਟ ਵਿੱਚ ਪ੍ਰੀਖਿਆਰਥੀ ਦੀ ਫੋਟੋ ਛਪਣ ਤੋਂ ਰਹਿ ਗਈ ਹੋਵੇ ਜਾਂ ਪ੍ਰੀਖਿਆਰਥੀ ਦੀ ਫੋਟੋ ਧੁੰਧਲੀ ਹੈ ਭਾਵ ਫੋਟੋ ਦੀ ਪਹਿਚਾਨ ਨਾ ਹੋ ਰਹੀ ਹੋਵੇ । ਅਜਿਹੀ ਸਥਿਤੀ ਵਿੱਚ ਪ੍ਰੀਖਿਆਰਥੀ ਦੀ ਇੱਕ ਫੋਟੋ ਕੇਂਦਰ ਸੁਪਰਡੰਟ ਵੱਲੋਂ ਤਸਦੀਕ ਕਰਕੇ ਹਸਤਾਖਰ ਚਾਰਟ ਤੇ ਪੇਸਟ ਕਰ ਦਿੱਤੀ ਜਾਵੇ ।ਇਸ ਸਬੰਧੀ ਸਬੰਧਤ ਸਕੂਲ ਅਤੇ ਮੁੱਖ ਦਫਤਰ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ ਵੀ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇ।
5. ਇਸ ਪ੍ਰੀਖਿਆ ਦੇ ਹਸਤਾਖਰ ਚਾਰਟਾਂ ਦੀ ਫੋਟੋਕਾਪੀਆਂ ਰਿਕਾਰਡ ਹਿੱਤ ਆਪਣੇ ਕੋਲ ਰੱਖੀਆਂ ਜਾਣ। ਪ੍ਰੀਖਿਆਰਥੀਆਂ ਦੇ ਹਸਤਾਖਰ ਚਾਰਟ ਪ੍ਰਾਪਤ ਨਾ ਹੋਣ / ਲੋੜ ਪੈਣ ਤੇ ਮੁੜ ਹਸਤਾਖਰ ਚਾਰਟ ਭੇਜਣ ਲਈ ਕਿਹਾ ਜਾ ਸਕਦਾ ਹੈ।
6. ਹੋਰ ਜਾਣਕਾਰੀ ਅਤੇ ਲੋੜੀਂਦੀ ਸੂਚਨਾ ਦੇ ਅਦਾਨ ਪ੍ਰਦਾਨ ਲਈ ਫੋਨ ਨੰ-01725227319 ਤੇ ਕੰਮ ਕਾਜ ਦੇ ਸਮੇਂ ਵਿੱਚ ਸੰਪਰਕ ਕੀਤਾ ਜਾ ਸਕਦਾ ਹੈ।

10/02/2023

**ਸੁਪਰਡੰਟ,ਲੈਟਰ ਸੈੱਟ (ਪ੍ਰੀਖਿਆ ਬਾਰ੍ਹਵੀਂ)**